# ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਇਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 07.02.2019 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ, 'ਨਾਥ' ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

ਸ਼੍ਰੀ ਬਲਵੰਤ ਰਾਏ 'ਨਾਥ'
ਮੇਅਰ

ਸ਼੍ਰੀ ਰਿਸ਼ੀ ਪਾਲ ਸਿੰਘ, ਪੀ.ਸੀ.ਐਸ.
ਕਮਿਸ਼ਨਰ

ਸ਼੍ਰੀ ਤਰਸੇਮ ਚੰਦ ਗੋਇਲ
ਸੀਨੀਅਰ ਡਿਪਟੀ ਮੇਅਰ

ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ
ਡਿਪਟੀ ਮੇਅਰ

ਸ੍ਰ: ਨਿਰਮਲ ਸਿੰਘ ਸੰਧੂ
ਮੈਂਬਰ ਐਫ.ਐਂਡ ਸੀ.ਸੀ.

ਸ੍ਰ: ਹਰਮਿੰਦਰ ਸਿੰਘ
ਮੈਂਬਰ ਐਫ.ਐਂਡ ਸੀ.ਸੀ.

| ਲੜੀ ਨੰ: | ਮਤਾ ਨੰ: | ਏਜੰਡਾ ਆਈਟਮ ਨੰ: | ਮਤਾ ਜੋ ਪਾਸ ਹੋਇਆ |
|---|---|---|---|
| 1 | 123 | **ਏਜੰਡਾ ਨੰ: 1:**<br><br>ਮੀਟਿੰਗ ਮਿਤੀ 08.01.2019 ਦੀ ਕਾਰਵਾਈ ਦੀ ਪਕਿਆਈ। | **ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 08.01.2019 ਦੀ ਕਾਰਵਾਈ ਦੀ ਪਕਿਆਈ ਤੋਂ ਪਹਿਲਾਂ ਮਤਾ ਨੰਬਰ 118 ਮਿਤੀ 08.01.2019 ਵਿੱਚ ਕਲੈਰੀਕਲ ਮਿਸਟੇਕ ਨਾਲ ਮਾਨਵ ਇਕੋ ਪੇਵਰਸ ਦੇ ਰੇਟ ਘੱਟ ਹੋਣ ਬਾਰੇ ਲਿਖਿਆ ਗਿਆ ਹੈ, ਜਦਕਿ ਰੇਟ ਐਸਪਨ ਸੀਮਿੰਟ ਪ੍ਰੋਡਟਕਸ ਦੇ ਘੱਟ ਸਨ। ਇਸ ਅਨੁਸਾਰ ਮਤਾ ਨੰਬਰ 118 ਮਿਤੀ 08.01.2019 ਵਿੱਚ ਸੋਧ ਕਰਦੇ ਹੋਏ ਐਸਪਨ ਸੀਮਿੰਟ ਪ੍ਰੋਡਕਟਸ ਦੇ ਰੇਟ ਪ੍ਰਵਾਨ ਕਰਦੇ ਹੋਏ ਮੀਟਿੰਗ ਮਿਤੀ 08.01.2019 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |
| 2 | 124 | **ਏਜੰਡਾ ਨੰ: 2**<br><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਸਪਲਾਈ ਆਫ ਸਟਰੀਟ ਲਾਈਟ ਮੈਨਟੀਨੈਂਸ ਮਟੀਰਿਅਲ ਦੇ ਮੁਬਲਿਗ 49.89 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 16.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br>ਲੜੀ ਨੰ: / ਏਜੰਸੀ ਦਾ ਨਾਮ / ਓਵਰਆਲ ਲੈਸ / ਟੈਂਡਰ ਕੀਤੀ ਰਕਮ<br>1. / ਦਵਿੰਦਰ ਕੁਮਾਰ ਠੇਕੇਦਾਰ / (-) 22.25% / 3878566.53<br>2. / ਸੁਭਾਸ਼ ਐਂਡ ਸੰਜ਼ / (-) 23.01% / 3840653.85<br>3. / Prisha Enterprises / (-) 20.15% / 3983325.24<br>4. / ਗੁਰੂ ਨਾਨਕ ਇਲੈਕਟ੍ਰਿਕ ਕੰਪਨੀ / (-) 27.85% / 3599209.97<br>ਉਪਰੋਕਤ ਟੈਂਡਰਾਂ ਵਿੱਚੋਂ ਗੁਰੂ ਨਾਨਕ ਇਲੈਕਟ੍ਰਿਕ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 4989000/- ਰੁਪਏ ਦੇ ਮੁਕਾਬਲੇ 3599209/97 ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਮਟੀਰਿਅਲ ਦੀ ਖਰੀਦ ਸਮੇਂ ਸ੍ਰ: ਸੁਖਦੇਵ ਸਿੰਘ ਬਰਾੜ, ਸ੍ਰ: ਹਰਪਾਲ ਸਿੰਘ ਢਿੱਲੋਂ ਕੌਂਸਲਰ ਸਾਹਿਬਾਨ ਅਤੇ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਪਾਸੋਂ ਸਮਾਨ ਚੈਕ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇ।** |
| 3 | 125 | **ਏਜੰਡਾ ਨੰ: 3**<br><br>ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਮਹੇਸ਼ਵਰੀ ਚੌਂਕ (100 ਫੁੱਟ ਰੋਡ) ਵਿਖੇ ਟ੍ਰੈਫਿਕ ਲਾਈਟਸ ਲਗਾਵਾਉਣ ਦੇ ਮੁਬਲਿਗ 9.81 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 29.10.2018 ਰਾਹੀਂ ਮੰਗੇ ਗਏ ਹਨ ਅਤੇ ਮਿਤੀ 26.11.2018 ਨੂੰ ਕਮਿਸ਼ਨਰ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਪੱਤਰ ਨੰ: 3263 ਮਿਤੀ 17.12.2018 ਨੂੰ ਡੀ.ਐਸ.ਪੀ. ਟ੍ਰੈਫਿਕ ਲਾਈਟਸ ਬਠਿੰਡਾ ਨੂੰ ਇਸ ਚੌਂਕ ਵਿਖੇ ਟ੍ਰੈਫਿਕ ਲਾਈਟਸ ਦੀ ਲੋੜ੍ਹ ਬਾਰੇ ਲਿਖਿਆ ਗਿਆ ਸੀ। ਇਸ ਸਬੰਧੀ ਉਪ ਕਪਤਾਨ ਪੁਲਿਸ, ਟ੍ਰੈਫਿਕ ਜੀ ਦੇ ਪੱਤਰ ਨੰ: 11/5 ਮਿਤੀ 07.01.2019 ਰਾਹੀਂ ਰਿਪੋਰਟ ਕੀਤੀ ਗਈ ਹੈ ਕਿ ਮਹੇਸ਼ਵਰੀ ਚੌਂਕ (100 ਫੁੱਟ ਰੋਡ) ਪਾਸ ਕਾਇਪੀ ਪੀ.ਜੀ. ਅਤੇ ਹਸਪਤਾਲ ਹਨ ਅਤੇ ਹਰ ਸਮੇਂ ਹਾਦਸਾ ਹੋਣ ਦਾ ਖਤਰਾ ਬਣਿਆ ਰਹਿੰਦਾ ਹੈ। ਜੇਕਰ ਇਸ ਚੌਂਕ ਵਿੱਚ ਟ੍ਰੈਫਿਕ ਲਾਈਟਾਂ ਲੱਗ ਜਾਂਦੀਆਂ ਹਨ, ਤਾਂ ਟ੍ਰੈਫਿਕ ਸਮੱਸਿਆ ਦਾ ਕਾਫੀ ਹੱਦ ਤੱਕ ਹੱਲ ਹੋ ਸਕਦਾ ਹੈ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। | |

<table>
<tr>
<td></td>
<td></td>
<td>ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>R R Electronics</td><td>(-) 3.04%</td><td>951483/02</td></tr>
<tr><td>2.</td><td>Protele Engineers</td><td>(-) 2.50%</td><td>956782/13</td></tr>
<tr><td>3.</td><td>Anand Sales (India)</td><td>(-) 2.35%</td><td>958254/10</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ R R Electronics ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 951483/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਟ੍ਰੈਫਿਕ ਲਾਈਟਸ ਨੂੰ ਤਸੱਲੀਬਖਸ਼ ਚਲਾਉਣ ਲਈ ਸਬੰਧਤ ਨਿਗਮ ਇੰਜੀਨੀਅਰ ਅਤੇ ਸਹਾਇਕ ਨਿਗਮ ਇੰਜੀਨੀਅਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ।</td>
</tr>
<tr>
<td></td>
<td></td>
<td>ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਧਿਆਨ ਵਿੱਚ ਲਿਆਂਦਾ ਕਿ ਨਗਰ ਨਿਗਮ ਵੱਲੋਂ ਗਣੇਸ਼ ਨਗਰ ਚੌਂਕ ਵਿਖੇ ਵੀ ਤਿੰਨ ਸਾਲ ਪਹਿਲਾਂ ਟ੍ਰੈਫਿਕ ਲਾਈਟਸ ਲਗਾਈਆਂ ਸਨ। ਪਰੰਤੂ ਅੱਜ ਤੱਕ ਇਹ ਟ੍ਰੈਫਿਕ ਲਾਈਟਸ ਚਲਾਈਆਂ ਨਹੀਂ ਗਈਆਂ। ਉਹਨਾਂ ਜਲਦ ਤੋਂ ਜਲਦ ਇਹ ਟ੍ਰੈਫਿਕ ਲਾਈਟਾਂ ਚਲਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ 5 ਦਿਨਾਂ ਦੇ ਅੰਦਰ-ਅੰਦਰ ਇਹ ਟ੍ਰੈਫਿਕ ਲਾਈਟਸ ਵੀ ਚਲਾਉਣੀਆਂ ਯਕੀਨੀ ਬਣਾਈਆਂ ਜਾਣ।<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਦਿੱਲੀ ਦੀ ਤਰਜ਼ ਤੇ ਟ੍ਰੈਫਿਕ ਲਾਈਟਸ ਦੀ ਵਿਵਸਥਾ ਕੀਤੀ ਜਾਣੀ ਯੋਗ ਹੋਵੇਗੀ, ਜਿਸ ਨਾਲ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਾ ਆਵੇ। ਇਸਤੇ ਫੈਸਲਾ ਲਿਆ ਗਿਆ ਕਿ ਹਾਊਸ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪ੍ਰਸਤਾਵ ਪੇਸ਼ ਕੀਤਾ ਜਾਵੇ, ਤਾਂ ਜੋ ਉਸ ਅਨੁਸਾਰ ਫੈਸਲਾ ਕੀਤਾ ਜਾ ਸਕੇ।</td>
<td></td>
</tr>
<tr>
<td>4</td>
<td>126</td>
<td><u>ਏਜੰਡਾ ਨੰ: 4:</u><br><br>ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਦਫਤਰ ਵੱਲੋਂ ਜ਼ੋਨ ਨੰ: 2 ਦੀ ਜਨਰਲ ਰਿਪੇਅਰ ਦਾ ਟੈਂਡਰ ਈ-ਟੈਂਡਰ ਪ੍ਰਣਾਲੀ ਰਾਹੀਂ ਮਿਤੀ 18.06.2018 ਤੱਕ ਲਗਾਇਆ ਸੀ, ਜਿਸ ਵਿੱਚ ਸੱਭ ਤੋਂ ਘੱਟ ਰੇਟ ਦੀ ਪੂਹਲਾ ਕੋ-ਅੱਪ ਐਲ.ਸੀ. ਸੋਸਾਇਟੀ ਦੇ ਸਨ ਅਤੇ ਇਸਦੀ ਪ੍ਰਵਾਨਗੀ ਐਫ.ਐਂਡ ਸੀ.ਸੀ. ਦੇ ਮਤਾ ਨੰ: 79 ਮਿਤੀ 19.07.2018 ਰਾਹੀਂ ਦਿੱਤੀ ਗਈ ਹੈ। ਐਫ.ਐਂਡ ਸੀ.ਸੀ. ਦੀ ਪ੍ਰਵਾਨਗੀ ਹੋਣ ਉਪਰੰਤ ਇਹ ਕੰਮ ਦਫਤਰ ਵੱਲੋਂ ਵਰਕ ਆਰਡਰ ਨੰ: 57/ਵ ਮਿਤੀ 30.07.2018 ਰਾਹੀਂ ਉਕਤ ਸੋਸਾਇਟੀ ਨੂੰ ਅਲਾਟ ਕੀਤਾ ਗਿਆ ਸੀ। ਇਸ ਕੰਮ ਨੂੰ ਮੁੱਕਮੰਲ ਕਰਨ ਦੀ ਮਿਆਦ 4 ਮਾਹ ਸੀ, ਅਰਥਾਤ ਇਹ ਕੰਮ ਮਿਤੀ 30.11.2018 ਤੱਕ ਮੁਕਮੰਲ ਕੀਤਾ ਜਾਣਾ ਸੀ। ਪਰੰਤੂ ਸੋਸਾਇਟੀ ਵੱਲੋਂ ਇਹ ਕੰਮ ਧੀਮੀ ਗਤੀ ਨਾਲ ਕਰਨ/ ਕੰਮ ਨੂੰ ਸਮੇਂ ਸਿਰ ਮੁਕਮੰਲ ਨਾ ਕਰਨ ਕਾਰਨ ਉਸ ਨੂੰ ਜੂਨੀਅਰ ਇੰਜੀਨੀਅਰ ਅਤੇ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਵੱਲੋਂ ਵਾਰ-ਵਾਰ ਜੁਬਾਨੀ ਅਤੇ ਫੋਨ ਤੇ ਕੰਮ ਵਿੱਚ ਤੇਜੀ ਲਿਆਉਣ ਅਤੇ ਕੰਮ ਨੂੰ ਸਮੇਂ ਸਿਰ ਮੁੱਕਮੰਲ ਕਰਨ ਲਈ ਕਿਹਾ ਗਿਆ। ਪਰੰਤੂ ਇਸਦੇ ਬਾਵਜੂਦ ਉਸ ਵੱਲੋਂ ਕੰਮ ਵਿੱਚ ਤੇਜੀ ਨਹੀਂ ਲਿਆਂਦੀ ਗਈ। ਪਬਲਿਕ ਨੁਮਾਇੰਦਿਆਂ ਵੱਲੋਂ ਕਈ ਵਾਰ ਰਿਪੇਅਰ ਦੇ ਅਤਿ ਜਰੂਰੀ ਕੰਮ ਦੱਸੇ ਜਾਂਦੇ ਹਨ, ਜੋ ਕਿ ਤੁਰੰਤ ਕਰਵਾਏ ਜਾਣੇ ਜਰੂਰੀ ਹੁੰਦੇ ਹਨ। ਇਸ ਸਬੰਧੀ ਸੋਸਾਇਟੀ ਦੇ ਨੁਮਾਇੰਦੇ ਨੂੰ ਵਾਰ-ਵਾਰ ਹਦਾਇਤਾਂ ਕਰਨ ਦੇ ਬਾਵਜੂਦ ਅਤੇ ਕਈ ਵਾਰ ਐਮਰਜੈਂਸੀ ਹੋਣ ਦੇ ਬਾਵਜੂਦ ਸੋਸਾਇਟੀ ਦੇ ਨੁਮਾਇੰਦੇ ਵੱਲੋਂ ਫੋਨ ਅਟੈਂਡ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਦੱਸੇ ਗਏ ਕੰਮ ਨੂੰ ਮੁਕਮੰਲ ਕੀਤਾ ਜਾਂਦਾ ਹੈ। ਜਿਸ ਕਾਰਨ ਨਿਗਮ ਅਧਿਕਾਰੀਆਂ ਨੂੰ ਬੜੀ ਹੀ ਨਾਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸੋ, ਸੋਸਾਇਟੀ ਨੂੰ ਪੱਤਰ ਨੰ: 492/ਵ ਮਿਤੀ 13.08.2018, 512/ਵ ਮਿਤੀ 20.09.2018, 553/ਵ ਮਿਤੀ 11.10.2018 ਰਾਹੀਂ ਵੀ ਕੰਮ ਵਿੱਚ ਤੇਜੀ ਲਿਆਉਣ ਅਤੇ ਪੱਤਰਾਂ ਵਿੱਚ ਦਰਸਾਏ ਗਏ ਕੰਮਾਂ ਨੂੰ ਜਲਦ ਤੋਂ ਜਲਦ ਮੁਕਮੰਲ ਕਰਨ ਲਈ ਲਿਖਿਆ</td>
<td></td>
</tr>
</table>

| | | | |
|---|---|---|---|
| | | ਗਿਆ ਹੈ। ਪਰੰਤੂ ਸੋਸਾਇਟੀ ਵੱਲੋਂ ਇੰਨ੍ਹਾਂ ਪੱਤਰਾਂ ਦਾ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਦੱਸੇ ਕੰਮ ਮਿਤੀ ਬੱਧ ਸਮੇਂ ਅਨੁਸਾਰ ਕੀਤੇ ਜਾ ਰਹੇ ਹਨ। ਸੋ ਸੋਸਾਇਟੀ ਨੂੰ ਪੱਤਰ ਨੰ: 606/ਵ ਮਿਤੀ 15.11.2018 ਰਾਹੀਂ ਆਖਰੀ ਪੱਤਰ ਲਿਖਦੇ ਹੋਏ ਕੰਮ ਕਰਨ ਲਈ ਲਿਖਿਆ ਗਿਆ ਸੀ। ਪਰੰਤੂ ਸੋਸਾਇਟੀ ਵੱਲੋਂ ਇਸ ਪੱਤਰ ਦਾ ਕੋਈ ਜਵਾਬ ਨਹੀਂ ਦਿੱਤਾ ਅਤੇ ਨਾ ਹੀ ਕੰਮ ਕੀਤੇ ਗਏ ਹਨ। ਜਿਸ ਤੋਂ ਪਤਾ ਲਗਦਾ ਹੈ ਕਿ ਸੋਸਾਇਟੀ ਦੀ ਕੰਮ ਕਰਨ ਵਿੱਚ ਕੋਈ ਰੁਚੀ ਨਹੀਂ ਹੈ। ਕਿਉਂਕਿ ਸ਼ਹਿਰ ਵਿੱਚ ਜਨਰਲ ਰਿਪੇਅਰ ਦੇ ਕੰਮਾਂ ਨੂੰ ਕਰਵਾਉਣਾ ਅਤਿ ਜਰੂਰੀ ਹੁੰਦਾ ਹੈ। ਇਸ ਲਈ ਯੋਗ ਹੋਵੇਗਾ ਕਿ ਸੋਸਾਇਟੀ ਨੂੰ ਡੀ-ਬਾਰ ਕਰਦੇ ਹੋਏ ਉਕਤ ਕੰਮ ਦਾ ਟੈਂਡਰ ਦੁਬਾਰਾ ਲਗਾਇਆ ਜਾਵੇ ਅਤੇ ਨਾਲ ਹੀ ਸੋਸਾਇਟੀ ਦੀ ਅਮਾਨਤੀ ਰਕਮ ਜਬਤ ਕਰ ਲਈ ਜਾਵੇ।<br>ਉਕਤ ਅਨੁਸਾਰ ਸੋਸਾਇਟੀ ਨੂੰ ਡੀ-ਬਾਰ ਕਰਨ ਲਈ ਰਿਪੋਰਟ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ। ਪਾਸ ਕੀਤਾ ਜਾਂਦਾ ਹੈ ਕਿ ਦੀ ਪੂਹਲਾ ਕੋ-ਅੱਪ ਐਲ.ਸੀ. ਸੋਸਾਇਟੀ ਨੂੰ ਡੀ-ਬਾਰ ਕੀਤਾ ਜਾਂਦਾ ਹੈ।** |
| 5 | 127 | <u>ਏਜੰਡਾ ਨੰ: 5</u><br>ਰਿਪੋਰਟ ਵਰਕਸ ਸ਼ਾਖਾ ਕਿ ਸ/ਲੇਇੰਗ 60 ਐਮ.ਐਮ. ਆਈ.ਐਸ.ਆਈ. ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰਬਰ 26, ਪਰਸ ਰਾਮ ਨਗਰ ਦੇ ਮੁਬਲਿਗ 10.95 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 25.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਦਵਿੰਦਰ ਕੁਮਾਰ ਠੇਕੇਦਾਰ</td><td>(-) 30.25%</td><td>763829/-</td></tr><tr><td>2.</td><td>ਸੀਤਾ ਰਾਮ ਠੇਕੇਦਾਰ</td><td>(-) 33.25%</td><td>730976/-</td></tr><tr><td>3.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 26.70%</td><td>802705/-</td></tr><tr><td>4.</td><td>ਦੀ ਤੁੰਗਵਾਲੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 25.25%</td><td>818584/-</td></tr></table>ਉਪਰੋਕਤ ਟੈਂਡਰਾਂ ਵਿੱਚੋਂ ਸੀਤਾ ਰਾਮ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 10.95 ਲੱਖ ਰੁਪਏ ਦੇ ਮੁਕਾਬਲੇ 730976/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਨਿਗਰਾਨ ਇੰਜੀਨੀਅਰ, ਸਬੰਧਤ ਨਿਗਮ ਇੰਜੀਨੀਅਰ ਅਤੇ ਸਹਾਇਕ ਨਿਗਮ ਇੰਜੀਨੀਅਰ ਪਾਸੋਂ ਕੰਮ ਦੀ ਕਵਾਲਟੀ ਚੈਕ ਕਰਨ ਅਤੇ ਤਸੱਲੀਬਖਸ਼ ਪਾਉਣ ਉਪਰੰਤ ਹੀ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇ।** |
| 6 | 128 | <u>ਏਜੰਡਾ ਨੰ: 6</u><br>ਰਿਪੋਰਟ ਵਰਕਸ ਸ਼ਾਖਾ ਕਿ ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਐਡਜੁਆਇਨਿੰਗ ਵਾਰਡ ਨੰਬਰ 15 ਦੇ ਮੁਬਲਿਗ 10.36 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 28.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ ਇੱਕ ਹੀ ਟੈਂਡਰ ਪ੍ਰਾਪਤ ਹੋਇਆ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ</td><td>(-) 5.25%</td><td>981628/50</td></tr></table>ਉਪਰੋਕਤ ਅਨੁਸਾਰ ਸ਼੍ਰੀ ਜਗਜੀਤ ਸਿੰਘ ਢਿੱਲੋਂ ਠੇਕੇਦਾਰ ਵੱਲੋਂ 10.36 ਲੱਖ ਰੁਪਏ ਦੇ ਮੁਕਾਬਲੇ 981628/50 ਦੀ ਮੰਗ ਕੀਤੀ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਨਿਗਰਾਨ ਇੰਜੀਨੀਅਰ ਨੇ ਦਸਿਆ ਕਿ ਇਸ ਕੰਮ ਦੇ ਟੈਂਡਰ ਪੰਜਵੀ ਵਾਰ ਮੰਗੇ ਗਏ ਹਨ। ਇਸ ਵਾਰ ਵੀ ਸਿਰਫ ਇੱਕ ਟੈਂਡਰ ਪ੍ਰਾਪਤ ਹੋਇਆ ਹੈ।<br><br>ਇਸ ਅਨੁਸਾਰ ਇਹ ਮੱਦ ਪ੍ਰਵਾਨ ਹੈ** |
| 7 | 129 | <u>ਏਜੰਡਾ ਨੰ: 7</u><br>ਰਿਪੋਰਟ ਵਰਕਸ ਸ਼ਾਖਾ ਕਿ Supply and erection of street light points in various streets of Partap Nagar (adjoining streets of Behman Road) area near Baba Bishavkarma Ji ਦੇ ਮੁਬਲਿਗ 2.52 ਲੱਖ ਰੁਪਏ ਦੇ ਕੰਮ | |

<table>
<tr>
<td></td>
<td></td>
<td>ਦੇ ਟੈਂਡਰ ਨਗਰ ਨਿਗਮ ਵੱਲੋਂ ਪਹਿਲਾਂ ਮਿਤੀ 29.12.2017 ਅਤੇ 15.11.2018 ਨੂੰ ਮੰਗੇ ਗਏ ਸਨ। ਪਰੰਤੂ ਦੋਨੋਂ ਵਾਰ ਤਿੰਨ ਤੋਂ ਘੱਟ ਟੈਂਡਰ ਪ੍ਰਾਪਤ ਹੋਣ ਕਰਕੇ ਇਸ ਕੰਮ ਦੀ ਫਾਇਨੈਂਸ਼ਨਲ ਬਿੱਡ ਨਹੀਂ ਖੋਲੀ ਗਈ ਸੀ। ਹੁਣ ਇਸ ਕੰਮ ਦਾ ਟੈਂਡਰ ਤੀਸਰੀ ਵਾਰ ਨਗਰ ਨਿਗਮ ਵੱਲੋਂ ਮਿਤੀ 04.12.2018 ਨੂੰ ਮੰਗਿਆ ਗਿਆ ਸੀ। ਇੰਨ੍ਹਾਂ ਟੈਂਡਰਾਂ ਦੋਰਾਨ ਇੱਕ ਟੈਂਡਰ ਪ੍ਰਾਪਤ ਹੋਇਆ ਹੈ। ਸਰਕਾਰ ਦੇ ਨੋਟੀਫਿਕੇਸ਼ਨ ਨੰ: 5/82/2018-2lg4/1892 ਮਿਤੀ 02.08.2018 ਦੀਆਂ ਹਦਾਇਤਾਂ ਅਨੁਸਾਰ ਤੀਜੀ ਵਾਰ ਤਿੰਨ ਤੋਂ ਘੱਟ ਪ੍ਰਾਪਤ ਹੋਏ ਟੈਂਡਰ ਵੀ ਪ੍ਰਵਾਨ ਕੀਤੇ ਜਾ ਸਕਦੇ ਹਨ। ਇਹਨਾਂ ਟੈਂਡਰਾਂ ਦਾ ਰੇਟ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਜੈ ਦੁਰਗਾ ਇਲੈਕਟ੍ਰਿਕਲ ਕੰਪਨੀ</td><td>(-) 14.96%</td><td>214708/-</td></tr>
</table>
ਉਪਰੋਕਤ ਅਨੁਸਾਰ ਫਰਮ ਇਹ ਕੰਮ 2.52 ਲੱਖ ਰੁਪਏ ਦੇ ਮੁਕਾਬਲੇ 214708/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਕੰਮ ਮੁਕੰਮਲ ਕਰਨ ਸਮੇਂ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਸਾਹਿਬਾਨ ਅਤੇ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਤੋਂ ਇਲਾਵਾ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ (ਸਟਰੀਟ ਲਾਈਟ) ਪਾਸੋਂ ਚੈਕ ਕਰਵਾਉਣ ਅਤੇ ਕੰਮ ਤਸੱਲੀ ਬਖਸ਼ ਪਾਏ ਜਾਣ ਉਪਰੰਤ ਹੀ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇ।</td>
</tr>
<tr>
<td>8</td>
<td>130</td>
<td><u>ਏਜੰਡਾ ਨੰ: 8</u><br>ਰਿਪੋਰਟ ਵਰਕਸ ਸ਼ਾਖਾ ਕਿ Supply and erection of street light points in various streets of Ward No. 2 ਦੇ ਮੁਬਲਿਗ 5.29 ਲੱਖ ਰੁਪਏ ਦੇ ਕੰਮ ਦੇ ਟੈਂਡਰ ਨਗਰ ਨਿਗਮ ਵੱਲੋਂ ਪਹਿਲਾਂ ਮਿਤੀ 29.12.2017 ਅਤੇ 15.11.2018 ਨੂੰ ਮੰਗੇ ਗਏ ਸਨ। ਪਰੰਤੂ ਪਹਿਲੀ ਵਾਰ ਕੋਈ ਯੋਗ ਬਿੱਡਰ ਪ੍ਰਾਪਤ ਨਾ ਹੋਣ ਕਾਰਨ ਅਤੇ ਦੂਜੀ ਵਾਰ ਤਿੰਨ ਤੋਂ ਘੱਟ ਟੈਂਡਰ ਪ੍ਰਾਪਤ ਹੋਣ ਕਰਕੇ ਇਸ ਕੰਮ ਦੀ ਫਾਇਨੈਸ਼ਨਲ ਬਿੱਡ ਨਹੀਂ ਖੋਲੀ ਗਈ ਸੀ। ਹੁਣ ਇਸ ਕੰਮ ਦਾ ਟੈਂਡਰ ਤੀਸਰੀ ਵਾਰ ਨਗਰ ਨਿਗਮ ਵੱਲੋਂ ਮਿਤੀ 04.12.2018 ਨੂੰ ਮੰਗਿਆ ਗਿਆ ਸੀ। ਇੰਨ੍ਹਾਂ ਟੈਂਡਰਾਂ ਦੋਰਾਨ 1 ਟੈਂਡਰ ਪ੍ਰਾਪਤ ਹੋਇਆ ਹੈ। ਸਰਕਾਰ ਦੇ ਨੋਟੀਫਿਕੇਸ਼ਨ ਨੰ: 5/82/2018-2lg4/1892 ਮਿਤੀ 02.08.2018 ਦੀਆਂ ਹਦਾਇਤਾਂ ਅਨੁਸਾਰ ਤੀਜੀ ਵਾਰ ਤਿੰਨ ਤੋਂ ਘੱਟ ਪ੍ਰਾਪਤ ਹੋਏ ਟੈਂਡਰ ਵੀ ਪ੍ਰਵਾਨ ਕੀਤੇ ਜਾ ਸਕਦੇ ਹਨ। ਇਹਨਾਂ ਟੈਂਡਰਾਂ ਦੇ ਰੇਟ ਹੇਠ ਲਿਖੇ ਅਨੁਸਾਰ ਹਨ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਜੈ ਦੁਰਗਾ ਇਲੈਕਟ੍ਰਿਕਲ ਕੰਪਨੀ</td><td>(-) 29.96%</td><td>370650/-</td></tr>
</table>
ਉਪਰੋਕਤ ਅਨੁਸਾਰ ਫਰਮ ਇਹ ਕੰਮ 5.29 ਲੱਖ ਰੁਪਏ ਦੇ ਮੁਕਾਬਲੇ 370650/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The rates are very competitive. This is third call. So may be sent to F&CC for consideration and acceptace of rates". ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਕੰਮ ਮੁਕੰਮਲ ਕਰਨ ਸਮੇਂ ਐਫ.ਐਂਡ ਸੀ.ਸੀ. ਦੇ ਮੈਂਬਰ ਸਾਹਿਬਾਨ ਤੋਂ ਇਲਾਵਾ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਅਤੇ ਜੂਨੀਅਰ ਇੰਜੀਨੀਅਰ (ਸਟਰੀਟ ਲਾਈਟ) ਪਾਸੋਂ ਚੈਕ ਕਰਵਾਉਣ ਅਤੇ ਕੰਮ ਤਸੱਲੀ ਬਖਸ਼ ਪਾਏ ਜਾਣ ਉਪਰੰਤ ਹੀ ਠੇਕੇਦਾਰ ਨੂੰ ਅਦਾਇਗੀ ਕੀਤੀ ਜਾਵੇ।</td>
</tr>
<tr>
<td>9</td>
<td>131</td>
<td><u>ਏਜੰਡਾ ਨੰ: 9</u><br>ਰਿਪੋਰਟ ਵਰਕਸ ਸ਼ਾਖਾ ਕਿ ਰੇਜ਼ਿੰਗ ਆਫ ਮੇਨਹੋਲ ਇਨ ਸਟਰੀਟਸ ਆਫ ਪਰਸ ਰਾਮ ਨਗਰ ਵਾਰਡ ਨੰਬਰ 44 ਦੇ ਮੁਬਲਿਗ 7.50 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 25.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਸੀਤਾ ਰਾਮ ਠੇਕੇਦਾਰ</td><td>(-) 15.25%</td><td>635817/22</td></tr>
<tr><td>2.</td><td>ਦੀ ਜੋਧਪੁਰਾ ਬੱਗਾ ਸਿੰਘ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(-) 11.50%</td><td>663950/73</td></tr>
<tr><td>3.</td><td>ਦੀ ਮਾਨਵ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(-) 18.00%</td><td>615185/98</td></tr>
</table></td>
<td></td>
</tr>
</table>

| | | | |
|---|---|---|---|
| | | ਉਪਰੋਕਤ ਟੈਂਡਰਾਂ ਵਿੱਚੋਂ ਦੀ ਮਾਨਵ ਕੋ-ਔਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 7.50 ਲੱਖ ਰੁਪਏ ਦੇ ਮੁਕਾਬਲੇ 615185/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 10 | 132 | **ਏਜੰਡਾ ਨੰ: 10**<br><br>ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਐਂਡ ਫਿਕਸਿੰਗ ਆਫ ਇੰਨਫਰੀਮੈਟਰੀ ਬੋਰਡ ਡਿਫਰੈਂਟ ਸਾਇਜ਼ ਇਨ ਬਠਿੰਡਾ ਸਿਟੀ ਦੇ ਮੁਬਲਿਗ 12.60 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 16.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><br>ਲੜੀ ਨੰ: / ਏਜੰਸੀ ਦਾ ਨਾਮ / ਓਵਰਆਲ ਲੈਸ / ਟੈਂਡਰ ਕੀਤੀ ਰਕਮ<br>1. / ਸੀਤਾ ਰਾਮ ਠੇਕੇਦਾਰ / (-) 12.25% / 1105368/10<br>2. / ਆਰ.ਜੀ. ਬਿਲਡਰਜ਼ / (-) 17.95% / 1033566/41<br>3. / ਸਨੇਹ ਬਾਂਸਲ ਐਂਡ ਕੰਪਨੀ / (-) 23.31% / 966047/63<br><br>ਉਪਰੋਕਤ ਟੈਂਡਰਾਂ ਵਿੱਚੋਂ ਸਨੇਹ ਬਾਂਸਲ ਐਂਡ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 12.60 ਲੱਖ ਰੁਪਏ ਦੇ ਮੁਕਾਬਲੇ 966047/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |
| 11 | 133 | **ਏਜੰਡਾ ਨੰ: 11**<br>ਰਿਪੋਰਟ ਵਰਕਸ ਸ਼ਾਖਾ ਕਿ Procurement of 46 primary collection vehicles of 2.2 cum capacity Garbage Hopper with Hydraulic Tipping System ਦਾ ਕੰਮ ਨਗਰ ਨਿਗਮ ਹਾਊਸ ਦੇ ਮਤਾ ਨੰਬਰ 55 ਮਿਤੀ 25.09.2018 ਰਾਹੀਂ ਪ੍ਰਵਾਨ ਹੈ। ਹਾਊਸ ਦੀ ਪ੍ਰਵਾਨਗੀ ਲੈਣ ਉਪਰੰਤ ਇਸ ਕੰਮ ਦਾ ਟੈਂਡਰ ਪਹਿਲੀ ਵਾਰ ਮਿਤੀ 26.10.2018 ਤੱਕ, ਜਿਸ ਵਿੱਚ ਸਿਰਫ 2 ਟੈਂਡਰ ਪ੍ਰਾਪਤ ਹੋਣ ਕਰਕੇ ਇਹ ਟੈਂਡਰ ਦੁਬਾਰਾ ਮਿਤੀ 16.11.2018 ਤੱਕ ਕਾਲ ਕੀਤਾ ਗਿਆ ਸੀ। ਪਰੰਤੂ ਇਸ ਵਾਰ ਫਿਰ 2 ਟੈਂਡਰ ਪ੍ਰਾਪਤ ਹੋਏ ਸਨ। ਜਿਸ ਕਾਰਨ ਨਗਰ ਨਿਗਮ ਵੱਲੋਂ ਇਸ ਕੰਮ ਲਈ ਤੀਸਰੀ ਵਾਰ ਮਿਤੀ 28.11.2018 ਨੂੰ ਟੈਂਡਰ ਕਾਲ ਕੀਤੇ ਗਏ ਹਨ। ਟੈਂਡਰ ਖੁੱਲਣ ਉਪਰੰਤ 2 ਟੈਂਡਰ ਹੀ ਪ੍ਰਾਪਤ ਹੋਏ ਹਨ, ਜਿੰਨ੍ਹਾਂ ਦੇ ਰੇਟ ਹੇਠ ਲਿਖੇ ਅਨੁਸਾਰ ਹਨ :-<br><br>ਲੜੀ ਨੰ: / ਏਜੰਸੀ ਦਾ ਨਾਮ / ਰੇਟ ਪ੍ਰਤੀ ਮੋਟਰ / ਟੈਂਡਰ ਕੀਤੀ ਰਕਮ (ਰੁਪਏ)<br>1. / ਟਾਟਾ ਮੋਟਰਜ਼ ਲਿਮ: / 579500/- / 26657000/-<br>2. / ਮੈਸ: ਏ.ਵੀ.ਸੀ. ਮੋਟਰਸ / 518500/- / 23851000/-<br><br>ਉਪਰੋਕਤ ਪ੍ਰਾਪਤ ਰੇਟਾਂ ਅਨੁਸਾਰ ਸੱਭ ਤੋਂ ਘੱਟ ਰੇਟ ਮੈਸ: ਏ.ਵੀ.ਸੀ. ਮੋਟਰਸ ਦੇ ਪ੍ਰਾਪਤ ਹੋਏ ਹਨ, ਜੋ ਕਿ ਤਖਮੀਨੇ ਨਾਲੋਂ 8.27% ਘੱਟ ਹਨ। ਇੰਨ੍ਹਾਂ ਰੇਟਾਂ ਦੀ ਚੀਫ ਇੰਜੀਨੀਅਰ (ਓ.ਐਂਡ ਐਮ.) ਸਥਾਨਕ ਸਰਕਾਰ ਵਿਭਾਗ, ਪੰਜਾਬ ਪਾਸੋਂ ਵੈਟ ਹੋ ਚੁੱਕੀ ਹੈ। ਇਹ ਪ੍ਰਾਪਤ ਹੋਏ ਰੇਟ ਵਾਜ਼ਬ ਹਨ ਅਤੇ ਪ੍ਰਵਾਨ ਕਰਨ ਯੋਗ ਹਨ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

<table>
<tr><td>12</td><td>134</td><td><u>ਏਜੰਡਾ ਨੰ: 12</u><br><br>ਰਿਪੋਰਟ ਵਰਕਸ ਸ਼ਾਖਾ ਕਿ Strengthening of Sullage Carrier from STP to Lasara Drain ਦੇ ਮੁਬਲਿਗ 16.15 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 16.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 25.25%</td><td>1207226/-</td></tr><tr><td>2.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 21.60%</td><td>1266174/-</td></tr><tr><td>3.</td><td>ਦੀ ਜੈ ਸ਼੍ਰੀ ਬਾਲਾ ਜੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 17.15%</td><td>1338043-</td></tr></table>ਉਪਰੋਕਤ ਟੈਂਡਰਾਂ ਵਿੱਚੋਂ ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 16.15 ਲੱਖ ਰੁਪਏ ਦੇ ਮੁਕਾਬਲੇ 1207226/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਇਸ ਕੰਮ ਦੀ ਕਵਾਲਟੀ ਮੈਨਟੇਨ ਰੱਖਣ ਲਈ ਸਬੰਧਤ ਨਿਗਮ ਇੰਜੀਨੀਅਰ ਨਿੱਜੀ ਤੋਰ ਤੇ ਜਿੰਮੇਵਾਰ ਹੋਣਗੇ।</td></tr>
<tr><td>13</td><td>135</td><td><u>ਏਜੰਡਾ ਨੰ: 13</u><br><br>ਰਿਪੋਰਟ ਵਰਕਸ ਸ਼ਾਖਾ ਕਿ ਸ/ਲੇਇੰਗ 60 ਐਮ.ਐਮ. ਥਿੱਕ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰ: 3 ਐਂਡ 4 ਬੈਕ ਸਾਈਡ ਆਫ ਬੱਸ ਸਟੈਂਡ ਦੇ ਮੁਬਲਿਗ 7.52 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 25.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-<br><table><tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr><tr><td>1.</td><td>ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 24.25%</td><td>569777/31</td></tr><tr><td>2.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 25.90%</td><td>557366/32</td></tr><tr><td>3.</td><td>ਦੀ ਵਿਰਕ ਖੁਰਦ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 18.25%</td><td>614908/19</td></tr><tr><td>4.</td><td>ਦੀ ਏਕਮ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 29.10%</td><td>533296/52</td></tr></table>ਉਪਰੋਕਤ ਟੈਂਡਰਾਂ ਵਿੱਚੋਂ ਦੀ ਏਕਮ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 7.52 ਲੱਖ ਰੁਪਏ ਦੇ ਮੁਕਾਬਲੇ 533296/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
<tr><td>14</td><td>136</td><td><u>ਏਜੰਡਾ ਨੰ: 14</u><br><br>ਰਿਪੋਰਟ ਵਰਕਸ ਸ਼ਾਖਾ ਕਿ ਸ/ਲੇਇੰਗ 60 ਐਮ.ਐਮ. ਥਿੱਕ ਇੰਟਰਲਾਕਿੰਗ ਟਾਇਲਜ਼ ਇਨ ਗੰਗਾ ਰਾਮ ਸਟਰੀਟ ਐਂਡ ਐਡਜੁਆਇਨਿੰਗ ਸਟਰੀਟਸ ਇਨ ਜ਼ੋਨ ਨੰਬਰ 1 ਵਾਰਡ ਨੰਬਰ 30 ਦੇ ਮੁਬਲਿਗ 16.47 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 25.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 5 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ</td><td></td></tr>
</table>

<table>
<tr>
<td></td>
<td></td>
<td>ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 28.25%</td><td>1181695/24</td></tr>
<tr><td>2.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 26.40%</td><td>1212164/03</td></tr>
<tr><td>3.</td><td>ਦੀ ਤੁੰਗਵਾਲੀ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 25.25%</td><td>1231104/10</td></tr>
<tr><td>4.</td><td>ਦੀ ਵਿਰਕ ਖੁਰਦ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 19.25%</td><td>1329921/82</td></tr>
<tr><td>5.</td><td>ਦੀ ਏਕਮ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>(-) 25.10%</td><td>1233574/54</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦੀ ਫਰੈਂਡਜ਼ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 16.47 ਲੱਖ ਰੁਪਏ ਦੇ ਮੁਕਾਬਲੇ 1181695/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>15</td>
<td>137</td>
<td><u>ਏਜੰਡਾ ਨੰ: 15</u><br><br>
ਰਿਪੋਰਟ ਵਰਕਸ ਸ਼ਾਖਾ ਕਿ ਕਲੀ ਚੂਨਾ ਪਾਊਨਡ ਖਰੀਦ ਕਰਨ ਦੇ ਮੁਬਲਿਗ 2.50 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 25.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਦਵਿੰਦਰ ਕੁਮਾਰ ਠੇਕੇਦਾਰ</td><td>(-) 29.48%</td><td>176017/92</td></tr>
<tr><td>2.</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>(-) 34.34%</td><td>163887/36</td></tr>
<tr><td>3.</td><td>ਦੀਪਕ ਬਾਰਦਾਨਾ ਟ੍ਰੇਡਿੰਗ ਕੰਪਨੀ</td><td>(-) 20.00%</td><td>199680/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਸ਼ਕਤੀ ਇੰਜੀਨੀਅਰਿੰਗ ਕੰਪਨੀ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 249600/- ਰੁਪਏ ਦੇ ਮੁਕਾਬਲੇ 163887/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td>
<td>ਪ੍ਰਵਾਨ ਹੈ।</td>
</tr>
<tr>
<td>16</td>
<td>138</td>
<td><u>ਏਜੰਡਾ ਨੰ: 16</u><br><br>
ਰਿਪੋਰਟ ਵਰਕਸ ਸ਼ਾਖਾ ਕਿ S/Laying floor tiles and remaining work in Geeta Bhawan Ward No. 27 ਦੇ ਮੁਬਲਿਗ 6.87 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 31.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-</td>
<td></td>
</tr>
</table>

<table>
<tr>
<td></td>
<td></td>
<td>
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਦੀ ਫਰੈਂਡਜ਼ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 22.25%</td><td>533755/31</td></tr>
<tr><td>2.</td><td>ਦੀ ਮਹਾਦੇਵ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 19.00%</td><td>556066/63</td></tr>
<tr><td>3.</td><td>ਦੀ ਜੋਧਪੁਰ ਬੱਗਾ ਸਿੰਘ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 21.70%</td><td>537531/07</td></tr>
<tr><td>4.</td><td>ਦੀ ਵਿਰਕ ਖੁਰਦ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 17.33%</td><td>567531/21</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦੀ ਫਰੈਂਡਜ਼ ਕੋ-ਔਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 6.87 ਲੱਖ ਰੁਪਏ ਦੇ ਮੁਕਾਬਲੇ 533755/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।<br>ਪਾਸ ਕੀਤਾ ਗਿਆ ਕਿ ਕੰਮ ਦਾ ਨਾਮ S/Laying floor tiles and remaining work in Geeta Bhawan Dharamshala Ward No. 27 ਕਰਨਾ ਪਾਸ ਕੀਤਾ ਜਾਂਦਾ ਹੈ।</td>
</tr>
<tr>
<td>17</td>
<td>139</td>
<td>
<u>ਏਜੰਡਾ ਨੰ: 17</u><br><br>
ਰਿਪੋਰਟ ਵਰਕਸ ਸ਼ਾਖਾ ਕਿ S/Laying Zebra Crossing, Yellow Patti, White Patti in different parts of city ਦੇ ਮੁਬਲਿਗ 30.34 ਲੱਖ ਰੁਪਏ ਦੇ ਕੰਮ ਦੇ ਟੈਂਡਰ ਮਿਤੀ 30.01.2019 ਨੂੰ ਮੰਗੇ ਗਏ ਸਨ। ਇਸ ਕੰਮ ਬਾਬਤ ਹੇਠ ਲਿਖੇ ਅਨੁਸਾਰ 8 ਟੈਂਡਰ ਪ੍ਰਾਪਤ ਹੋਏ ਹਨ। ਇਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-
<table>
<tr><td>ਲੜੀ ਨੰ:</td><td>ਏਜੰਸੀ ਦਾ ਨਾਮ</td><td>ਓਵਰਆਲ ਲੈਸ</td><td>ਟੈਂਡਰ ਕੀਤੀ ਰਕਮ</td></tr>
<tr><td>1.</td><td>ਦਵਿੰਦਰ ਕੁਮਾਰ ਠੇਕੇਦਾਰ</td><td>(−) 38.40%</td><td>1869036/40</td></tr>
<tr><td>2.</td><td>ਦੀ ਚਹਿਲਾਂਵਾਲਾ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 36.18%</td><td>1936394/53</td></tr>
<tr><td>3.</td><td>ਸੀਤਾ ਰਾਮ ਠੇਕੇਦਾਰ</td><td>(−) 32.25%</td><td>2055636/63</td></tr>
<tr><td>4.</td><td>ਦੀ ਬਜਰੰਗ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 35.86%</td><td>1946103/81</td></tr>
<tr><td>5.</td><td>ਦੀ ਤੁੰਗਵਾਲੀ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 35.25%</td><td>1964612/13</td></tr>
<tr><td>6.</td><td>ਆਰ.ਜੀ. ਬਿਲਡਰਜ਼</td><td>(−) 22.96%</td><td>2337509/16</td></tr>
<tr><td>7.</td><td>ਦੀ ਮਾਨਵ ਕੋ-ਔਪ ਐਲ.ਸੀ. ਸੋਸਾਇਟੀ ਲਿਮ:</td><td>(−) 26.00%</td><td>2245271/-</td></tr>
<tr><td>8.</td><td>ਸਨੇਹ ਬਾਂਸਲ ਐਂਡ ਕੰਪਨੀ</td><td>(−) 31.31%</td><td>2084157/64</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦਵਿੰਦਰ ਕੁਮਾਰ ਠੇਕੇਦਾਰ ਦੇ ਰੇਟ ਸੱਭ ਤੋਂ ਘੱਟ ਹਨ। ਠੇਕੇਦਾਰ ਇਹ ਕੰਮ 30.34 ਲੱਖ ਰੁਪਏ ਦੇ ਮੁਕਾਬਲੇ 1869036/- ਰੁਪਏ ਵਿੱਚ ਕਰਨ ਲਈ ਤਿਆਰ ਹੈ।ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਕਿਉਂ ਜੋ ਇਹ ਕੰਮ ਬਹੁਤ ਹੀ ਅਹਿਮ ਹੈ ਅਤੇ ਇਸ ਨਾਲ ਬੱਚਿਆਂ, ਔਰਤਾਂ, ਬਜ਼ੁਰਗਾਂ ਅਤੇ ਵਹੀਕਲ ਚਲਾਉਣ ਵਾਲਿਆਂ ਨੂੰ ਬਹੁਤ ਹੀ ਜਿਆਦਾ ਫਾਇਦਾ ਹੁੰਦਾ ਹੈ। ਇਸ ਲਈ ਪਾਸ ਕੀਤਾ ਜਾਂਦਾ ਹੈ ਕਿ ਇਸ ਕੰਮ ਲਈ ਏਸ਼ੀਅਨ ਕੰਪਨੀ ਦਾ ਪੇਂਟ ਇਸਤੇਮਾਲ ਕੀਤਾ ਜਾਵੇ ਅਤੇ ਕੰਮ ਨੂੰ ਮਿੱਥੇ ਸਮੇਂ ਅੰਦਰ ਹੀ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ।</td>
</tr>
<tr>
<td>18</td>
<td>140</td>
<td>
<u>ਏਜੰਡਾ ਨੰ: 18</u><br><br>
ਰਿਪੋਰਟ ਵਰਕਸ ਸ਼ਾਖਾ ਕਿ ਕੰਸ: ਆਫ ਮਾਤਾ ਸਾਹਿਬ ਕੋਰ ਮੈਮੋਰੀਅਲ ਗੇਟ ਇਨ ਪ੍ਰਤਾਪ ਨਗਰ ਦੇ ਮੁਬਲਿਗ 3.14 ਲੱਖ ਰੁਪਏ ਦੇ ਕੰਮ ਦੇ ਟੈਂਡਰ ਤੀਸਰੀ ਵਾਰ ਮਿਤੀ 15.11.2018 ਤੱਕ ਮੰਗੇ ਗਏ ਸਨ। ਉਕਤ ਕੰਮ ਦਾ ਸਿਰਫ ਇੱਕ ਹੀ ਟੈਂਡਰ ਹੇਠ ਲਿਖੇ ਅਨੁਸਾਰ ਪ੍ਰਾਪਤ ਹੋਇਆ ਹੈ :-
</td>
<td></td>
</tr>
</table>

| | | | |
|---|---|---|---|
| | | ਲੜੀ ਨੰ: \| ਏਜੰਸੀ ਦਾ ਨਾਮ \| ਓਵਰਆਲ ਲੈਸ \| ਟੈਂਡਰ ਕੀਤੀ ਰਕਮ<br>1. \| ਦੀ ਵਿਰਕ ਖੁਰਦ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: \| (-) 13.78% \| 271025/67<br>ਉਪਰੋਕਤ ਅਨੁਸਾਰ ਫਰਮ ਇਹ ਕੰਮ 3.14 ਲੱਖ ਰੁਪਏ ਦੇ ਮੁਕਾਬਲੇ 271025/67 ਰੁਪਏ ਵਿੱਚ ਕਰਨ ਲਈ ਤਿਆਰ ਹੈ। ਇਸ ਸਬੰਧੀ ਨਿਗਰਾਨ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "As per Govt. instructions, if single tender is received third time, tender can be awarded, if competent authority feels that rates are genuine". ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**